


# ਜਲੰਧਰ ਅਜੀਤ

ਅਜੀਤ, ਜਲੰਧਰ

ਸੋਮਵਾਰ, 20 ਅਕਤੂਬਰ 2025








ਲੋਹੀਆਂ 'ਚ ਦੀਵਾਲੀ ਦੇ ਮੌਕੇ 'ਚੌੜਾ ਬਜ਼ਾਰ' ਦੇ ਵੱਖ-ਵੱਖ ਦੁਕਾਨਦਾਰਾਂ ਵਲੋਂ ਆਪਣੀਆਂ ਸਜਾਈਆਂ ਗਈਆਂ ਪਟਾਕਿਆਂ ਅਤੇ ਲੜੀਆਂ ਦੀਆਂ ਦੁਕਾਨਾਂ ਦੇ ਦ੍ਰਿਸ਼। ਤਸਵੀਰਾਂ : ਗੁਰਪਾਲ ਸਿੰਘ ਸ਼ਤਾਬਗੜ੍ਹ

# ਲੋਹੀਆਂ 'ਚ 'ਦੀਵਾਲੀ' ਮੌਕੇ ਸਜ ਗਏ ਸਾਰੇ ਬਾਜ਼ਾਰ

## ਲੜੀਆਂ, ਪਟਾਕੇ, ਮਠਿਆਈਆਂ ਸਮੇਤ ਸੇਲਾਂ ਦੀ ਭਰਮਾਰ

ਲੋਹੀਆਂ ਖਾਸ, 19 ਅਕਤੂਬਰ (ਗੁਰਪਾਲ ਸਿੰਘ ਸ਼ਤਾਬਗੜ੍ਹ, ਕੁਲਦੀਪ ਸਿੰਘ ਖਾਲਸਾ)-ਲੋਹੀਆਂ 'ਚ ਦੀਵਾਲੀ ਦੇ ਮੌਕੇ ਵੱਖ-ਵੱਖ ਦੁਕਾਨਦਾਰਾਂ ਵੱਲੋਂ ਆਪਣੀਆਂ ਦੁਕਾਨਾਂ ਸਜਾਈਆਂ ਗਈਆਂ ਹਨ ਅਤੇ ਸ਼ਹਿਰ ਦੇ ਸਾਰੇ ਬਜ਼ਾਰ ਹੀ ਸੱਜ ਧੱਜ ਕੇ ਆਪੋ ਆਪਣੇ ਸ਼ੁੱਭਚਿੰਤਕਾਂ ਨੂੰ ਉਡੀਕ ਰਹੇ ਹਨ। ਉਂਝ ਤਾਂ ਸ਼ਹਿਰ ਦੇ ਸਾਰੇ ਹੀ ਬਜ਼ਾਰ ਸਜਾਏ ਹੋਣ ਕਾਰਨ 'ਭੀੜੇ ਭੀੜੇ' ਤੇ ਰੌਣਕ ਮਈ ਨਜ਼ਰ ਆਉਂਦੇ ਹਨ, ਪਰ ਟੀ-ਪੁਆਇੰਟ ਤੋਂ ਸਿੱਧੂਪੁਰ ਰੋਡ ਤੱਕ ਚੌੜਾ ਬਜ਼ਾਰ ਕਰਕੇ ਜਾਣੀ ਜਾਂਦੀ ਮੇਨ ਰੋਡ 'ਤੇ ਤਾਂ ਐਤਕਾਂ ਵੱਖਰਾ ਹੀ ਨਜ਼ਾਰਾ ਦੇਖਣ ਨੂੰ ਮਿਲ ਰਿਹਾ ਹੈ। ਸਾਰੇ ਬਜ਼ਾਰ 'ਚ ਲੜੀਆਂ, ਪਟਾਕੇ, ਮਠਿਆਈਆਂ, ਬੇਕਰੀ, ਦੀਵੇ, ਕਰਿਆਨਾ ਸਮੇਤ ਹਰ ਤਰ੍ਹਾਂ ਦੀਆਂ ਸੇਲਾਂ ਲਗਾ ਕੇ ਬੈਠੇ ਦੁਕਾਨਦਾਰਾਂ ਵੱਲੋਂ ਦੁਕਾਨਾਂ ਨੂੰ ਵੱਖਰੇ ਗੇਟ ਆਦਿ ਬਣਾ ਕੇ ਸਜਾਇਆ ਵੀ ਗਿਆ ਹੈ, ਜਿਸ ਨਾਲ ਜਿਥੇ ਬਜ਼ਾਰ 'ਚ ਰੌਣਕਾਂ ਵਧੀਆਂ ਹਨ ਉਥੇ ਉਹੀ ਚੌੜਾ ਬਜ਼ਾਰ 'ਭੀੜਾ-ਭੀੜਾ' ਨਜ਼ਰ ਆ ਰਿਹਾ ਹੈ। ਇਸ ਮੌਕੇ ਵੱਖ ਵੱਖ ਵਾਤਾਵਰਣ ਪ੍ਰੇਮੀਆਂ ਵੱਲੋਂ 'ਗਰੀਨ ਦੀਵਾਲੀ' ਮਨਾਉਣ ਦਾ ਸੁਨੇਹਾ ਦਿੰਦੇ ਹੋਏ ਬੂਟੇ ਲਗਾਉਣ ਤੇ ਵੰਡਣ ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਹੁਣ ਦੇਖਦੇ ਹਾਂ ਕਿ ਲੋਕਾਂ 'ਚ ਇਨ੍ਹਾਂ ਅਪੀਲਾਂ ਦਾ ਅਸਰ ਜਿਆਦਾ ਹੁੰਦਾ ਹੈ ਜਾਂ ਫਿਰ ਦੁਕਾਨਦਾਰਾਂ ਵੱਲੋਂ ਸਜਾਏ ਬਜ਼ਾਰਾਂ 'ਚ ਸਜੀਆਂ ਸੈਂਕੜੇ 'ਪਟਾਕਿਆਂ' ਦੀਆਂ ਦੁਕਾਨਾਂ ਤੋਂ ਨੌਜਵਾਨ ਪਟਾਕੇ ਖਰੀਦ ਕੇ 'ਪਟਾਕੇ ਚਲਾਉਣ' 'ਚ ਮਸ਼ਰੂਫ਼ ਹੁੰਦੇ ਹਨ, ਇਹ ਦੋ ਦੀਵਾਲੀਆਂ ਵਾਲੇ 'ਦੋ ਦਿਨਾਂ' 'ਚ ਪਤਾ ਲੱਗ ਜਾਵੇਗਾ।

**ਵਾਤਾਵਰਨ ਪ੍ਰੇਮੀ 'ਗਰੀਨ ਦੀਵਾਲੀ' ਦਾ ਸੁਨੇਹਾ ਦੇ ਰਹੇ ਨੇ ਵਾਰ-ਵਾਰ**



ਲੋਹੀਆਂ 'ਚ ਦੀਵਾਲੀ ਮੌਕੇ 'ਸਜਾਏ ਗਏ ਚੌੜਾ ਬਜ਼ਾਰ' ਦਾ ਇੱਕ ਦ੍ਰਿਸ਼, (ਵਿਚਕਾਰ) ਦੀਵੇ, ਮੋਮਬਤੀਆਂ ਅਤੇ (ਸੱਜੇ) ਪਟਾਕਿਆਂ ਦੀਆਂ ਸਜਾਈਆਂ ਦੁਕਾਨਾਂ ਦੇ ਦ੍ਰਿਸ਼।

# ਸੰਤ ਸੀਚੇਵਾਲ ਵਲੋਂ 25 ਪਿੰਡਾਂ ਨੂੰ ਦੀਵਾਲੀ ਦਾ ਤੋਹਫ਼ਾ

## ਕਪੂਰਥਲਾ ਤੇ ਜਲੰਧਰ ਜ਼ਿਲ੍ਹਿਆਂ ਦੇ ਪਿੰਡਾਂ ਲਈ 25 ਪਾਣੀ ਵਾਲੀਆਂ ਟੈਂਕੀਆਂ ਰਵਾਨਾ



ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਪਿੰਡਾਂ ਦੀ ਪੰਚਾਇਤਾਂ ਨੂੰ ਪਾਣੀ ਵਾਲੀਆਂ ਟੈਂਕੀਆਂ ਸੌਂਪਦੇ ਹੋਏ, ਨਾਲ ਸੁਰਜੀਤ ਸਿੰਘ ਸ਼ੰਟੀ ਤੇ ਹੋਰ। ਤਸਵੀਰ- ਸੁਖਦੀਪ ਸਿੰਘ

ਮਲਸੀਆਂ, 19 ਅਕਤੂਬਰ (ਸੁਖਦੀਪ ਸਿੰਘ)-ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਪੂਰਥਲਾ ਅਤੇ ਜਲੰਧਰ ਜ਼ਿਲ੍ਹਿਆਂ ਦੇ 25 ਪਿੰਡਾਂ ਨੂੰ ਦੀਵਾਲੀ ਦੇ ਤੋਹਫ਼ੇ ਵਜੋਂ ਸਟੀਲ ਦੀਆਂ ਪਾਣੀ ਵਾਲੀਆਂ ਟੈਂਕੀਆਂ ਸੌਂਪੀਆਂ। ਇਹ ਟੈਂਕੀਆਂ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਤੇ ਸੀਚੇਵਾਲ ਤੋਂ ਰਵਾਨਾ ਕੀਤੀਆਂ ਗਈਆਂ। ਸੰਤ ਸੀਚੇਵਾਲ ਨੇ ਦੱਸਿਆ ਕਿ ਪਵਿੱਤਰ ਕਾਲੀ ਵੇਈਂ ਦੀ ਸਫ਼ਾਈ ਸੇਵਾ ਦੇ 25 ਸਾਲ ਪੂਰੇ ਹੋਣ ਦੇ ਮੌਕੇ 'ਤੇ ਸਾਲ ਭਰ ਸਮਾਗਮ ਚੱਲਣਗੇ। ਇਸੇ ਸਿਲਸਿਲੇ ਵਿੱਚ ਇਹ ਟੈਂਕੀਆਂ ਪਿੰਡਾਂ ਨੂੰ ਦਿੱਤੀਆਂ ਗਈਆਂ ਹਨ। ਉਹਨਾਂ ਹੁਣ ਤੱਕ ਆਪਣੇ ਅਖ਼ਤਿਆਰੀ ਫੰਡ ਵਿੱਚੋਂ ਸਾਢੇ 7 ਕਰੋੜ ਦੀ ਗ੍ਰਾਂਟ ਨਾਲ 215 ਪਾਣੀ ਵਾਲੀਆਂ ਟੈਂਕੀਆਂ ਪੰਜਾਬ ਭਰ ਦੇ ਪਿੰਡਾਂ ਵਿੱਚ ਵੰਡੀਆਂ ਹਨ। ਪਿੰਡਾਂ ਦੇ ਸਰਪੰਚਾਂ ਨੇ ਕਿਹਾ ਕਿ ਇਹ ਸਟੀਲ ਦੀਆਂ ਟੈਂਕੀਆਂ ਪਿੰਡਾਂ ਲਈ ਸਦੀਵੀ ਤੋਹਫ਼ਾ ਹਨ। ਇਹਨਾਂ ਨਾਲ ਪਾਣੀ ਦੀ ਕਮੀ ਦੂਰ ਹੋਵੇਗੀ, ਬੂਟਿਆਂ ਨੂੰ ਪਾਣੀ ਲਗਾਉਣ ਤੇ ਅੱਗ ਬੁਝਾਉਣ ਵਿੱਚ ਵੀ ਮਦਦ ਮਿਲੇਗੀ। ਧਾਰਮਿਕ ਸਮਾਗਮਾਂ ਦੌਰਾਨ ਪਾਣੀ ਦੀ ਸਭ ਤੋਂ ਵੱਡੀ ਸਮੱਸਿਆ ਹੁੰਦੀ ਸੀ, ਜੋ ਹੁਣ ਹੱਲ ਹੋ ਗਈ ਹੈ। ਸੰਤ ਸੀਚੇਵਾਲ ਨੇ ਪਿੰਡਾਂ ਦੇ ਵਾਸੀਆਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ ਦਿੰਦਿਆਂ ਹਰੀ ਦੀਵਾਲੀ ਮਨਾਉਣ ਦਾ ਸੱਦਾ ਦਿੱਤਾ। ਉਹਨਾਂ ਦੱਸਿਆ ਕਿ ਜਲਦੀ ਹੀ ਹੋਰ 50 ਟੈਂਕੀਆਂ ਵੀ ਪਿੰਡਾਂ ਨੂੰ ਦਿੱਤੀਆਂ ਜਾਣਗੀਆਂ, ਜਿਸ ਵਿੱਚ ਦਲਿਤ ਭਾਈਚਾਰੇ ਅਤੇ ਹੜ੍ਹ ਪ੍ਰਭਾਵਿਤ ਪਿੰਡਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇਸ ਮੌਕੇ ਆਹਲੀ ਕਲਾਂ, ਬਹਿਬਲ ਬਹਾਦਰ, ਸਿੱਧਵਾਂ ਦੋਨਾ, ਸੁਖਾਣੀ, ਕੌਲ ਤਲਵੰਡੀ, ਖੈੜਾ ਦੋਨਾ, ਝੱਲ ਬੀਬੜੀ, ਮੁਸਤਫ਼ਾਬਾਦ, ਟਿੱਬਾ, ਈਸ਼ਰਵਾਲ, ਮੇਵਾ ਸਿੰਘ ਵਾਲਾ, ਮਹੱਬਲੀਪੁਰ, ਦਬੁਲੀਆਂ (ਕਪੂਰਥਲਾ) ਅਤੇ ਕਾਸੂਪੁਰ, ਉਮਰਵਾਲਾ ਬਿੱਲਾ, ਮਾਣਕਪੁਰ, ਬਾਜਵਾ ਖੁਰਦ, ਮੂਲੇਵਾਲ ਖਹਿਰਾ, ਮੂਲੇਵਾਲ ਅਰਾਈਆਂ, ਖਾਨਪੁਰ ਰਾਜਪੂਤਾਂ, ਤਲਵੰਡੀ ਸਲੇਮ ਸਮਾਇਲਪੁਰ, ਪੰਡੋਰੀ ਖ਼ਾਸ, ਬਾੜਾ ਜੋਧ ਸਿੰਘ, ਈਸੇਵਾਲ (ਜਲੰਧਰ) ਦੇ ਪਿੰਡਾਂ ਨੂੰ ਟੈਂਕੀਆਂ ਦਿੱਤੀਆਂ ਗਈਆਂ। ਇਸ ਮੌਕੇ ਸੁਰਜੀਤ ਸਿੰਘ ਸ਼ੰਟੀ, ਵਾਈਸ ਚੇਅਰਮੈਨ ਹਰਜਿੰਦਰ ਸਿੰਘ, ਪੰਚਾਇਤ ਸੈਕਟਰੀ ਜਸਵਿੰਦਰ ਸਿੰਘ ਤੇ ਇਲਾਕੇ ਦੇ ਕਈ ਪੰਚ-ਸਰਪੰਚ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ।

**ਹੁਣ ਤੱਕ ਪੰਜਾਬ 'ਚ ਵੰਡੀਆਂ ਜਾ ਚੁੱਕੀਆਂ 215 ਟੈਂਕੀਆਂ**

### ਨਾਮਲੂਮ ਵਿਅਕਤੀ ਦੀ ਲਾਸ਼ ਮਿਲੀ

ਜੰਡਿਆਲਾ ਮੰਜਕੀ, 19 ਅਕਤੂਬਰ (ਸੁਰਜੀਤ ਸਿੰਘ ਜੰਡਿਆਲਾ)-ਥਾਣਾ ਨੂਰਮਹਿਲ ਅਧੀਨ ਆਉਂਦੇ ਪਿੰਡ ਬੰਡਾਲਾ ਵਿੱਚ ਇੱਕ ਨਾਮ ਮਾਲੂਮ ਵਿਅਕਤੀ ਦੀ ਲਾਸ਼ ਮਿਲਣ ਦਾ ਸਮਾਚਾਰ ਹੈ। ਥਾਣਾ ਨੂਰਮਹਿਲ ਅਨੁਸਾਰ ਉਕਤ ਲਾਸ਼ ਬੰਡਾਲਾ ਦੀ ਦਾਣਾ ਮੰਡੀ ਕੋਲੋਂ ਮਿਲੀ ਹੈ ਅਤੇ ਉਸਨੂੰ ਸ਼ਨਾਖਤ ਲਈ ਸਿਵਲ ਹਸਪਤਾਲ ਫਿਲੌਰ ਰੱਖਿਆ ਗਿਆ ਹੈ। ਥਾਣਾ ਮੁਖੀ ਨੇ ਕਿਹਾ ਕਿ ਕੱਟੀ ਹੋਈ ਦਾੜ੍ਹੀ ਮੁੱਛ ਰੱਖੇ ਮੋਨੇ 60-70 ਸਾਲਾ ਉਕਤ ਵਿਅਕਤੀ ਸਬੰਧੀ ਗੁੰਮਸ਼ੁਦਗੀ ਜਾਂ ਬਿਨਾਂ ਦੱਸੇ ਘਰੋਂ ਚਲੇ ਜਾਣ ਸਬੰਧੀ ਕੋਈ ਵੀ ਜਾਣਕਾਰੀ ਥਾਣਾ ਨੂਰਮਹਿਲ ਨੂੰ ਦਿੱਤੀ ਜਾ ਸਕਦੀ ਹੈ।

# ਕਈ ਐੱਲ.ਈ.ਡੀ. ਲਾਈਟਾਂ ਦੇ ਬੰਦ...

(ਸਫ਼ਾ 5 ਦੀ ਬਾਕੀ)

ਗਿਆ ਸੀ। ਸ. ਬਿੱਟੂ ਦਾ ਕਹਿਣਾ ਸੀ ਕਿ ਕਾਂਗਰਸ ਸਰਕਾਰ ਦੇ ਕਾਰਜਕਾਲ ਵਿਚ 274 ਕਰੋੜ ਦਾ ਲਾਈਟਾਂ ਲਗਾਉਣ ਦਾ ਪ੍ਰਾਜੈਕਟ ਕਾਂਗਰਸ ਨੇ ਰੱਦ ਕਰਕੇ 60 ਕਰੋੜ ਰੁਪਏ ਵਿਚ ਲਾਈਟਾਂ ਲਗਵਾਈਆਂ ਸੀ ਪਰ ਉਸ ਨਾਲ ਲੋਕਾਂ ਨੂੰ ਰਾਹਤ ਨਹੀਂ ਮਿਲੀ ਹੈ ਪਰ ਹੁਣ ਮੇਅਰ ਵਨੀਤ ਧੀਰ ਵੱਲੋਂ ਸ਼ਹਿਰ ਦੀ ਸਟਰੀਟ ਲਾਈਟ ਵਿਵਸਥਾ ਨੂੰ ਵਿਸ਼ੇਸ਼ ਤੌਰ 'ਤੇ ਠੀਕ ਕਰਵਾਇਆ ਜਾ ਰਿਹਾ ਹੈ। ਸ. ਬਿੱਟੂ ਨੇ ਕਿਹਾ ਕਿ ਸ੍ਰੀ ਬੇਰੀ 10 ਹਜ਼ਾਰ ਲਾਈਟਾਂ ਦੇ ਬੰਦ ਹੋਣ ਦਾਅਵਾ ਕਰਦੇ ਹਨ ਪਰ ਉਨ੍ਹਾਂ ਦੇ ਕੌਂਸਲਰਾਂ ਨੇ ਜਾਣਕਾਰੀ ਨਹੀਂ ਦਿੱਤੀ ਕਿ ਕਿਸ ਜਗ੍ਹਾ 'ਤੇ 10 ਹਜ਼ਾਰ ਲਾਈਟਾਂ ਬੰਦ ਹਨ।

**ਕਾਂਗਰਸ ਦੇ ਕਾਰਜਕਾਲ ਵਿਚ ਕਰੋੜਾਂ ਰੁਪਏ ਲਗਾ ਕੇ ਵੀ ਲਾਈਟਾਂ ਰਹਿੰਦੀਆਂ ਸਨ ਖ਼ਰਾਬ-ਬਿੱਟੂ**

# ਕਈ ਇਲਾਕਿਆਂ ਵਿਚ ਟ੍ਰੈਫਿਕ ਬੇਕਾਬੂ...

(ਸਫ਼ਾ 5 ਦੀ ਬਾਕੀ)

ਲਈ ਸਹਿਯੋਗ ਨਹੀਂ ਦਿੰਦੇ ਹਨ ਜਿਸ ਕਰਕੇ ਕਈ ਇਲਾਕਿਆਂ ਵਿਚ ਟ੍ਰੈਫਿਕ ਕੰਟਰੋਲ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ। ਸ਼ਹਿਰ ਦੇ ਕਈ ਚੌਕਾਂ ਜਿਨ੍ਹਾਂ ਵਿਚ ਟਾਂਡਾ ਚੌਕ, ਕਿਸ਼ਨ ਪੂਰਾ ਚੌਕ ਤੋਂ ਇਲਾਵਾ ਹੋਰ ਵੀ ਕਈ ਚੌਕਾਂ ਵਿਚ ਡਿਵਾਈਡਰ ਨਹੀਂ ਬਣੇ ਹਨ ਤੇ ਲੋਕ ਇੱਕ ਦੂਜੇ ਪਾਸੇ ਸਾਈਡਾਂ 'ਤੇ ਜਾ ਕੇ ਟ੍ਰੈਫਿਕ ਜਾਮ ਕਰਦੇ ਹਨ। ਇਸ ਤਰਾਂ ਦੇ ਕਈ ਹੋਰ ਚੌਕਾਂ ਵਿਚ ਟ੍ਰੈਫਿਕ ਨੂੰ ਕੰਟਰੋਲ ਕਰਨ ਲਈ ਅਤੇ ਲੋਕਾਂ ਦੇ ਆਪਣੀਆਂ ਸਾਈਡਾਂ 'ਤੇ ਰਹਿਣ ਲਈ ਪਲਾਸਟਿਕ ਦੀਆਂ ਰੋਕਾਂ ਲਗਾਈਆਂ ਗਈਆਂ ਸੀ ਤੇ ਇਸ ਤੋਂ ਇਲਾਵਾ ਸੜਕ ਵਿਚ ਆਈ ਕੈਚਰ ਵੀ ਲਗਾਏ ਗਏ ਹਨ। ਇਸ ਤਰਾਂ ਨਾਲ ਚੌਕਾਂ ਵਿਚ ਪੀਲੀਆਂ ਲਕੀਰਾਂ ਵੀ ਲਗਾਈਆਂ ਗਈਆਂ ਹਨ ਪਰ ਕਈ ਚੌਕਾਂ ਵਿਚ ਟ੍ਰੈਫਿਕ ਐਨਾ ਜ਼ਿਆਦਾ ਬੇਕਾਬੂ ਹੋ ਚੁੱਕਾ ਹੈ ਕਿ ਕੁੱਝ ਦਿਨ ਪਹਿਲਾਂ ਜਿਹੜੀਆਂ ਪਲਾਸਟਿਕ ਦੀਆਂ ਰੋਕਾਂ ਲੱਗੀਆਂ ਸੀ, ਉਨਾਂ ਵਿਚ ਜ਼ਿਆਦਾ ਤਰ ਰੋਕਾਂ ਤੋੜ ਦਿੱਤੀਆਂ ਗਈਆਂ ਹਨ। ਇੱਕ ਤਾਂ ਜਿਹੜੀਆਂ ਪਲਾਸਟਿਕ ਦੀਆਂ ਰੋਕਾਂ ਲਗਾਈਆਂ ਗਈਆਂ ਹਨ, ਉਨਾਂ ਦੀ ਕੁਆਲਿਟੀ ਵੀ ਕਾਫੀ ਘਟੀਆ ਹੈ ਤੇ ਦੂਜਾ ਹੁਣ ਲੋਕਾਂ ਵੱਲੋਂ ਇਸ ਤਰਾਂ ਦੀਆਂ ਰੋਕਾਂ ਤੋੜ ਦਿੱਤੀਆਂ ਗਈਆਂ ਹਨ। ਕਈ ਲੋਕਾਂ ਦਾ ਕਹਿਣਾ ਸੀ ਕਿ ਪਲਾਸਟਿਕ ਦੀਆਂ ਰੋਕਾਂ ਇਹ ਐਨੀਆਂ ਜ਼ਿਆਦਾ ਕਮਜ਼ੋਰ ਹਨ ਕਿ ਕੋਈ ਵੀ ਇਨ੍ਹਾਂ ਨੂੰ ਤੇਜ਼ ਹੱਥ ਮਾਰੇ ਤਾਂ ਇਹ ਟੁੱਟ ਜਾਵੇਗੀ। ਲੋਕਾਂ ਦਾ ਕਹਿਣਾ ਸੀ ਕਿ ਜਿਸ ਸੜਕ 'ਤੇ ਜ਼ਿਆਦਾ ਟ੍ਰੈਫਿਕ ਰਹਿੰਦਾ ਹੈ, ਉਸ ਜਗਾ 'ਤੇ ਇਹ ਪਲਾਸਟਿਕ ਦੀਆਂ ਰੋਕਾਂ ਕੰਮ ਨਹੀਂ ਆ ਸਕਦੀਆਂ ਹਨ ਸਗੋਂ ਉੱਥੇ ਸੀਮੇਂਟ ਦੀਆਂ ਪੱਕੀਆਂ ਪਤਲੀਆਂ ਰੋਕਾਂ ਬਣਾਉਣੀਆਂ ਚਾਹੀਦੀਆਂ ਹਨ ਤਾਂ ਜੋ ਲੋਕ ਆਪਣੀ-ਆਪਣੀ ਸਾਈਡ 'ਤੇ ਰਹਿਣ।

### ਲੋਹੀਆਂ 'ਚ ਵਿਸ਼ਵਕਰਮਾ ਦਿਵਸ 22 ਨੂੰ

ਲੋਹੀਆਂ ਖਾਸ, 19 ਅਕਤੂਬਰ (ਗੁਰਪਾਲ ਸਿੰਘ ਸ਼ਤਾਬਗੜ੍ਹ)-ਰਾਮਗੜ੍ਹੀਆ ਸਭਾ ਲੋਹੀਆਂ ਖਾਸ ਵੱਲੋਂ ਹਸਤ ਕਲਾ ਦੇ ਰਚੇਤਾ ਬਾਬਾ ਵਿਸ਼ਵਕਰਮਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਲਾਨਾ ਧਾਰਮਿਕ ਸਮਾਗਮ ਮਿਤੀ 22 ਅਕਤੂਬਰ ਦਿਨ ਬੁੱਧਵਾਰ ਨੂੰ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਸਹਿਯੋਗੀ ਅਤੇ ਵਾਰਡ ਨੰ: 8 ਤੋਂ ਯੂਥ ਆਗੂ ਅਮਨ ਪਨੇਸਰ ਨੇ ਦੱਸਿਆ ਕਿ 'ਵਿਸ਼ਵਕਰਮਾ ਦਿਵਸ' ਬਾਬਾ ਵਿਸ਼ਵਕਰਮਾ ਜੀ ਦੇ ਨਵੇਂ ਬਣਾਏ ਰਹੇ ਭਵਨ ਦੇ ਨਵੇਂ ਸਥਾਨ ਸਿੱਧੂਪੁਰ ਰੋਡ, ਸਾਹਮਣੇ ਸਰਕਾਰੀ ਹਸਪਤਾਲ, ਲੋਹੀਆਂ ਖਾਸ ਵਿਖੇ ਮਨਾਇਆ ਜਾ ਰਿਹਾ ਹੈ, ਇਸ ਸਮਾਗਮ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਸਵੇਰੇ 9 ਵਜੇ ਕਰਵਾਏ ਜਾਣਗੇ ਉਪਰੰਤ ਸ਼ਬਦ ਕੀਰਤਨ ਅਤੇ ਗੁਰੂ ਕੇ ਲੰਗਰਾਂ ਦੇ ਪ੍ਰਵਾਹ ਚੱਲਣਗੇ। ਉਨ੍ਹਾਂ ਸਮੂਹ ਸੰਗਤਾਂ ਹੁੰਮ ਹੁੰਮਾ ਕੇ ਪੁੱਜਣ ਦੀ ਅਪੀਲ ਕੀਤੀ।



# ਪਟਾਕੇ ਸਾਡੀ ਦੀਵਾਲੀ ਦਾ ਹਿੱਸਾ ਹੀ ਨਹੀਂ-ਸੰਤ ਸੀਚੇਵਾਲ

## ਸੰਤ ਸੀਚੇਵਾਲ ਵਲੋਂ 'ਹਰੀ ਦੀਵਾਲੀ' ਮਨਾਉਣ ਦਾ ਸੱਦਾ

ਮਲਸੀਆਂ, 19 ਅਕਤੂਬਰ (ਸੁਖਦੀਪ ਸਿੰਘ)-ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ 'ਹਰੀ ਦੀਵਾਲੀ' ਮਨਾਉਣ ਦਾ ਸੱਦਾ ਦਿੰਦਿਆਂ ਮੰਗ ਕੀਤੀ ਹੈ ਕਿ ਪਟਾਕਿਆਂ 'ਤੇ ਪੂਰਨ ਪਾਬੰਦੀ ਲੱਗਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਪਟਾਕੇ ਸਾਡੀ ਦੀਵਾਲੀ ਦਾ ਹਿੱਸਾ ਹੀ ਨਹੀਂ। ਸੰਤ ਸੀਚੇਵਾਲ ਨੇ ਕਿਹਾ ਕਿ ਪੰਜਾਬ ਦਾ ਵਾਤਾਵਰਨ ਬੇਹੱਦ ਦਰਜੇ ਤੱਕ ਖ਼ਰਾਬ ਹੋ ਚੁੱਕਾ ਹੈ। ਸ਼ਹਿਰਾਂ ਦੀ ਆਬੋ ਹਵਾ ਸਾਹ ਲੈਣ ਯੋਗ ਨਹੀਂ ਰਹੀ। ਗੁਰੂਆਂ-ਪੀਰਾਂ ਦੇ ਨਾਂਅ 'ਤੇ ਵੱਸਦੇ ਪੰਜਾਬ 'ਚੋਂ ਹੀ ਗੁਰੂ ਨਾਨਕ ਦੇਵ ਜੀ ਨੇ ਪਵਿੱਤਰ ਵੇਈਂ ਕਿਨਾਰੇ ਤੋਂ ਹਵਾ, ਪਾਣੀ ਤੇ ਧਰਤੀ ਨੂੰ ਸਤਿਕਾਰ ਦੇਣ ਦੇ ਵਚਨ ਕੀਤੇ ਸਨ। ਇਸ ਲਈ ਸਾਰੇ ਸੰਸਾਰ ਨੂੰ ਇਸ ਧਰਤੀ ਤੋਂ ਸੇਧ ਦਿੱਤੀ ਜਾਣੀ ਚਾਹੀਦੀ ਸੀ। ਇਸ ਤਿਉਹਾਰ ਮੌਕੇ ਪਟਾਕੇ ਚਲਾ ਕੇ ਇਸ ਵਿੱਚ ਕਿਸੇ ਤਰ੍ਹਾਂ ਦਾ ਕੋਈ ਖਲਲ ਨਾ ਪਾਈਏ। ਇਸ ਤਿਉਹਾਰ ਨੂੰ ਖੁਸ਼ੀਆਂ ਦਾ ਤਿਉਹਾਰ ਰਹਿਣ ਦਿੱਤਾ ਜਾਵੇ। ਸੰਤ ਸੀਚੇਵਾਲ ਨੇ ਕਿਹਾ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਤੋਂ ਆਪਣੇ ਨਾਲ 52 ਰਾਜਿਆਂ ਨੂੰ ਵੀ ਕੈਦ ਮੁਕਤ ਕਰਵਾਇਆ ਸੀ। ਦੀਵਾਲੀ ਵਾਲੇ ਦਿਨ ਗੁਰੂ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਸਨ ਤੇ ਉਨ੍ਹਾਂ ਦੀ ਆਮਦ ਦੀ ਖ਼ੁਸ਼ੀ 'ਚ ਸੰਗਤਾਂ ਨੇ ਦੇਸੀ ਘਿਓ ਦੇ ਦੀਵੇ ਬਾਲੇ ਸਨ। ਇਸੇ ਤਰ੍ਹਾਂ ਮਰਿਆਦਾ ਪੁਰਸ਼ੋਤਮ ਸ੍ਰੀ ਰਾਮ ਚੰਦਰ ਜੀ ਲੰਕਾ ਨੂੰ ਫਤਹਿ ਕਰਕੇ ਅਯੋਧਿਆ ਨਗਰੀ ਪਹੁੰਚੇ ਸਨ। ਉਸ ਵੇਲੇ ਵੀ ਸ਼ਰਧਾਲੂਆਂ ਨੇ ਦੀਪਮਾਲਾ ਕੀਤੀ ਸੀ। ਕਿਧਰੇ ਵੀ ਪਟਾਕਿਆਂ ਦੇ ਸ਼ੋਰ-ਸ਼ਰਾਬੇ ਦਾ ਇਤਿਹਾਸ 'ਚ ਜ਼ਿਕਰ ਨਹੀਂ ਮਿਲਦਾ। ਪਟਾਕਿਆਂ ਨਾਲ ਹੋਣ ਵਾਲੇ ਹਾਦਸਿਆਂ ਦੌਰਾਨ ਕਈ ਵਾਰ ਬੱਚਿਆਂ ਦੀਆਂ ਅੱਖਾਂ ਦੀ ਰੌਸ਼ਨੀ ਚਲੇ ਜਾਂਦੀ ਹੈ। ਆਤਿਸ਼ਬਾਜ਼ੀ ਨਾਲ ਕਈ ਥਾਂਵਾਂ 'ਤੇ ਅੱਗਾਂ ਲੱਗਣ ਨਾਲ ਨੁਕਸਾਨ ਹੋ ਜਾਂਦਾ ਹੈ। ਸੰਤ ਸੀਚੇਵਾਲ ਨੇ ਕਿਹਾ ਕਿ ਪਟਾਕਿਆਂ ਨੂੰ ਅੱਗ ਲਗਾਉਣੀ ਇੱਕ ਤਰ੍ਹਾਂ ਨਾਲ ਨੋਟਾਂ ਨੂੰ ਅੱਗ ਲਗਾਉਣ ਦੇ ਬਰਾਬਰ ਹੈ। ਪਟਾਕਿਆਂ ਨਾਲ ਜਿੱਥੇ ਹਵਾ ਦਾ ਪ੍ਰਦੂਸ਼ਣ ਹੁੰਦਾ ਹੈ, ਉਥੇ ਨਾਲ ਹੀ ਅਵਾਜ਼ ਦਾ ਪ੍ਰਦੂਸ਼ਣ ਹੁੰਦਾ ਹੈ। ਪੰਜਾਬ ਦੇ ਵਾਤਾਵਰਨ ਨੂੰ ਬਚਾਉਣ ਲਈ ਵੱਡੀ ਪੱਧਰ 'ਤੇ ਰੁੱਖ ਲਗਾਉਣ ਦੀ ਲੋੜ ਹੈ। ਪੰਜਾਬ 'ਚ ਤਿੰਨ ਚੌਥਾਈ ਰਕਬਾ ਜੰਗਲਾਤ ਦੇ ਹੇਠ ਆਉਣਾ ਚਾਹੀਦਾ ਹੈ, ਜਦਕਿ ਇਹ ਦਰ ਬਹੁਤ ਘੱਟ ਹੈ। ਉਨ੍ਹਾਂ ਕਿਸਾਨਾਂ ਨੂੰ ਇਹ ਅਪੀਲ ਕੀਤੀ ਕਿ ਉਹ ਰਵਾਇਤੀ ਫ਼ਸਲੀ ਚੱਕਰ ਛੱਡ ਕੇ ਬਾਗਬਾਨੀ ਅਤੇ ਵਣ ਖੇਤੀ ਵੱਲ ਪਰਤਣ।



ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਬੂਟੇ ਲਗਾ ਕੇ ਸੰਗਤਾਂ ਨੂੰ 'ਹਰੀ ਦੀਵਾਲੀ' ਮਨਾਉਣ ਦਾ ਸੱਦਾ ਦਿੰਦੇ ਹੋਏ। ਤਸਵੀਰ- ਸੁਖਦੀਪ ਸਿੰਘ

**ਬੂਟੇ ਵੰਡ ਕੇ ਮਨਾਓ ਰੌਸ਼ਨੀਆਂ ਦਾ ਤਿਉਹਾਰ**





ਵਾਤਾਵਰਨ ਸੁਧਾਰ ਸੁਸਾਇਟੀ ਵਲੋਂ ਸਰਕਾਰੀ ਡਿਸਪੈਂਸਰੀ ਤਲਵੰਡੀ ਸੰਘੇੜਾ ਵਿਖੇ ਬੂਟੇ ਲਗਾ ਕੇ ਹਰੀ ਦੀਵਾਲੀ ਮਨਾਉਂਦੇ ਹੋਏ ਡਾ: ਗੁਰਪ੍ਰੀਤ ਸਿੰਘ ਪ੍ਰਿੰਸ, ਪ੍ਰਧਾਨ ਬੰਟੀ ਬੱਠਲਾ, ਭੁਪਿੰਦਰ ਜੱਸਲ, ਦੀਪੂ ਸੈਦਪੁਰੀ, ਸੁਖਪ੍ਰੀਤ ਸਿੰਘ ਢੱਡਾ। ਤਸਵੀਰਾਂ : ਦਲਜੀਤ ਸਿੰਘ ਸਚਦੇਵਾ

# ਵਾਤਾਵਰਨ ਸੁਧਾਰ ਸੁਸਾਇਟੀ ਨੇ ਡਿਸਪੈਂਸਰੀ 'ਚ ਬੂਟੇ ਲਗਾ ਕੇ ਮਨਾਈ ਹਰੀ ਦੀਵਾਲੀ

ਸ਼ਾਹਕੋਟ, 19 ਅਕਤੂਬਰ (ਦਲਜੀਤ ਸਿੰਘ ਸਚਦੇਵਾ)-ਵਾਤਾਵਰਨ ਸੁਧਾਰ ਸੁਸਾਇਟੀ ਸ਼ਾਹਕੋਟ ਵਲੋਂ ਸਰਕਾਰੀ ਡਿਸਪੈਂਸਰੀ ਤਲਵੰਡੀ ਸੰਘੇੜਾ ਵਿਖੇ ਰੂਰਲ ਮੈਡੀਕਲ ਅਫ਼ਸਰ ਡਾ: ਗੁਰਪ੍ਰੀਤ ਸਿੰਘ ਪ੍ਰਿੰਸ ਦੀ ਅਗਵਾਈ ਤੇ ਵਾਤਾਵਰਨ ਸੁਸਾਇਟੀ ਦੇ ਪ੍ਰਧਾਨ ਬੰਟੀ ਬੱਠਲਾ ਦੀ ਦੇਖ-ਰੇਖ ਹੇਠ ਬੂਟੇ ਲਗਾ ਕੇ ਹਰੀ ਦੀਵਾਲੀ ਮਨਾਈ ਗਈ। ਡਾ: ਗੁਰਪ੍ਰੀਤ ਸਿੰਘ ਪ੍ਰਿੰਸ ਨੇ ਕਿਹਾ ਕਿ ਸਾਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਪਟਾਕਿਆਂ ਰਹਿਤ ਦੀਵਾਲੀ ਮਨਾਉਣੀ ਚਾਹੀਦੀ ਹੈ ਤੇ ਦੀਵਾਲੀ ਵਾਲੇ ਦਿਨ ਹਰ ਇਕ ਨਾਗਰਿਕ ਨੂੰ ਆਪਣਾ ਫ਼ਰਜ਼ ਨਿਭਾਉਂਦੇ ਹੋਏ ਇਕ-ਇਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ ਤੇ ਉਸ ਦਾ ਪਾਲਣ-ਪੋਸ਼ਣ ਕਰਨਾ ਚਾਹੀਦਾ ਹੈ। ਬੂਟੇ ਲਗਾਉਣ ਨਾਲ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਵੀ ਇਕ ਚੰਗਾ ਵਾਤਾਵਰਨ ਮਿਲੇਗਾ ਤੇ ਸ਼ੁੱਧ ਆਕਸੀਜਨ ਮਿਲੇਗੀ। ਪ੍ਰਧਾਨ ਬੰਟੀ ਬੱਠਲਾ ਨੇ ਕਿਹਾ ਕਿ ਵਾਤਾਵਰਨ ਦੀ ਸਾਂਭ-ਸੰਭਾਲ ਲਈ ਸਾਨੂੰ ਸਭ ਨੂੰ ਯਤਨ ਕਰਨੇ ਚਾਹੀਦੇ ਹਨ ਤੇ ਲੋਕਾਂ ਨੂੰ ਵੀ ਇਸ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ। ਇਸ ਮੌਕੇ ਪਹਿਲਾਂ ਜਗ੍ਹਾ ਦੀ ਸਾਫ਼-ਸਫ਼ਾਈ ਕੀਤੀ ਗਈ ਤੇ ਬਾਅਦ ਵਿਚ ਬੂਟੇ ਲਗਾਏ ਗਏ। ਇਸ ਮੌਕੇ ਮੁੱਖ ਸਲਾਹਕਾਰ ਭੁਪਿੰਦਰ ਜੱਸਲ, ਸੀਨੀਅਰ ਵਾਈਸ ਪ੍ਰਧਾਨ ਦੀਪੂ ਸੈਦਪੁਰੀ, ਸੁਖਪ੍ਰੀਤ ਸਿੰਘ ਢੱਡਾ ਸੋਸ਼ਲ ਮੀਡੀਆ ਇੰਚਾਰਜ, ਪ੍ਰੈੱਸ ਸਕੱਤਰ ਸਿਦਕਪ੍ਰੀਤ ਸਿੰਘ ਸਚਦੇਵਾ ਆਦਿ ਹਾਜ਼ਰ ਸਨ।

**ਵਾਤਾਵਰਨ ਦੀ ਸ਼ੁੱਧਤਾ ਲਈ ਪਟਾਕਿਆਂ ਰਹਿਤ ਦੀਵਾਲੀ ਮਨਾਈ ਜਾਵੇ-ਡਾ: ਪ੍ਰਿੰਸ**



ਸ਼ਬਦ ਤੇ ਕਵੀਸ਼ਰੀ ਗਾਇਨ 'ਚੋਂ ਸਰਟੀਫ਼ਿਕੇਟ ਹਾਸਲ ਕਰਨ ਵਾਲੇ ਬਿੱਲੀ ਬੜੈਚ ਅਕੈਡਮੀ ਦੇ ਬੱਚਿਆਂ ਨਾਲ ਪ੍ਰਿੰਸੀਪਲ ਸਤਿੰਦਰ ਸਿੰਘ ਤੇ ਸਟਾਫ਼। ਤਸਵੀਰ : ਦਲਜੀਤ ਸਿੰਘ ਸਚਦੇਵਾ

# ਬਿੱਲੀ ਬੜੈਚ ਅਕੈਡਮੀ ਦੇ ਬੱਚਿਆਂ ਨੂੰ ਗੁਰਦੁਆਰਾ ਸ੍ਰੀ ਬੁਲੰਦਪੁਰੀ ਸਾਹਿਬ ਦੇ ਕਰਵਾਏ ਦਰਸ਼ਨ

ਮਲਸੀਆਂ, 19 ਅਕਤੂਬਰ (ਦਲਜੀਤ ਸਿੰਘ ਸਚਦੇਵਾ)-ਸ੍ਰੀ ਗੁਰੂ ਹਰਿ ਰਾਇ ਸਾਹਿਬ ਅਕੈਡਮੀ ਬਿੱਲੀ ਬੜੈਚ ਸੈਦਰਾਣਾ ਸਾਹਿਬ ਦੇ ਪ੍ਰਧਾਨ ਬਾਬਾ ਗੁਰਮੇਜ ਸਿੰਘ ਤੇ ਪ੍ਰਿੰਸੀਪਲ ਸਤਿੰਦਰ ਸਿੰਘ ਦੀ ਅਗਵਾਈ ਹੇਠ ਅਕੈਡਮੀ ਦੇ ਵਿਦਿਆਰਥੀਆਂ ਨੂੰ ਗੁਰਦੁਆਰਾ ਸ੍ਰੀ ਬੁਲੰਦਪੁਰੀ ਸਾਹਿਬ ਦੇ ਦਰਸ਼ਨ ਕਰਵਾਏ ਗਏ। ਇਸ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਸਹਿਜ ਪਾਠ ਸੰਪੂਰਨ ਸਮਾਗਮ ਹੋਇਆ। ਇਸ ਸਮਾਗਮ ਵਿਚ ਅਕੈਡਮੀ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਦਿਆਰਥੀਆਂ ਦੁਆਰਾ ਗੁਰਦੁਆਰਾ ਸਾਹਿਬ ਵਿਖੇ ਸ਼ਬਦ ਗਾਇਨ, ਕਵੀਸ਼ਰੀ ਗਾਇਨ ਤੇ ਪਾਠ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫ਼ਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲਖਵੀਰ ਸਿੰਘ, ਕੁਲਜੀਤ ਕੌਰ, ਪਰਮਜੀਤ ਕੌਰ ਆਦਿ ਹਾਜ਼ਰ ਸਨ।

**ਸ਼ਬਦ ਤੇ ਕਵੀਸ਼ਰੀ ਗਾਇਨ ਕਰਨ ਵਾਲੇ ਬੱਚਿਆਂ ਨੂੰ ਕੀਤਾ ਸਨਮਾਨਿਤ**



ਵੱਖ-ਵੱਖ ਪਿੰਡਾਂ ਲਈ ਸਟੀਲ ਦੀਆਂ ਟੈਂਕੀਆਂ ਨੂੰ ਰਵਾਨਾ ਕਰਦੇ ਹੋਏ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਹੋਰ ਪਤਵੰਤੇ। ਤਸਵੀਰ: ਬਾਂਸਲ

# ਸੰਤ ਸੀਚੇਵਾਲ ਵਲੋਂ 25 ਪਿੰਡਾਂ ਨੂੰ ਦੀਵਾਲੀ ਦਾ ਤੋਹ.ਫਾ, ਪਾਣੀ ਵਾਲੀਆਂ ਟੈਂਕੀਆਂ ਦਿੱਤੀਆਂ

ਸ਼ਾਹਕੋਟ, 19 ਅਕਤੂਬਰ (ਨਗਿੰਦਰ ਸਿੰਘ ਬਾਂਸਲ)-ਉੱਘੇ ਵਾਤਾਵਰਨ ਪ੍ਰੇਮੀ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ 25 ਵੱਖ ਵੱਖ ਪਿੰਡਾਂ ਨੂੰ ਦੀਵਾਲੀ ਦੇ ਤੋਹਫ਼ੇ ਵਜੋਂ ਸਟੀਲ ਦੀਆਂ ਪਾਣੀ ਵਾਲੀਆਂ ਟੈਂਕੀਆਂ ਸੌਂਪੀਆਂ ਗਈਆਂ ਇਹ ਟੈਂਕੀਆਂ ਨਿਰਮਲ ਕੁਟੀਆ ਸੀਚੇਵਾਲ (ਸ਼ਾਹਕੋਟ) ਅਤੇ ਸੁਲਤਾਨਪੁਰ ਲੋਧੀ ਤੋਂ ਰਵਾਨਾ ਕੀਤੀਆਂ ਗਈਆਂ। ਸੰਤ ਸੀਚੇਵਾਲ ਨੇ ਦੱਸਿਆ ਕਿ ਪਵਿੱਤਰ ਕਾਲੀ ਵੇਈਂ ਦੀ ਸਫ਼ਾਈ ਦੀ ਸੇਵਾ ਦੇ 25 ਸਾਲ ਪੂਰੇ ਹੋਣ ਦੇ ਮੌਕੇ 'ਤੇ ਇਹ ਟੈਂਕੀਆਂ ਪਿੰਡਾਂ ਨੂੰ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਉਨ੍ਹਾਂ ਵੱਲੋਂ ਆਪਣੇ ਅਖ਼ਤਿਆਰੀ ਫੰਡ ਵਿੱਚੋਂ 7.5 ਕਰੋੜ ਦੀ ਗ੍ਰਾਂਟ ਨਾਲ 215 ਪਾਣੀ ਵਾਲੀਆਂ ਟੈਂਕੀਆਂ ਪੰਜਾਬ ਭਰ ਦੇ ਪਿੰਡਾਂ ਵਿੱਚ ਵੰਡੀਆਂ ਗਈਆਂ ਹਨ। ਪਿੰਡਾਂ ਦੇ ਸਰਪੰਚਾਂ ਨੇ ਕਿਹਾ ਕਿ ਇਨ੍ਹਾਂ ਸਟੀਲ ਦੀਆਂ ਟੈਂਕੀਆਂ ਨਾਲ ਪਾਣੀ ਦੀ ਕਮੀ ਦੂਰ ਹੋਵੇਗੀ, ਬੂਟਿਆਂ ਨੂੰ ਪਾਣੀ ਲਗਾਉਣ ਤੇ ਅੱਗ ਬੁਝਾਉਣ ਵਿੱਚ ਵੀ ਮੱਦਦ ਮਿਲੇਗੀ। ਇਸ ਮੌਕੇ ਸੰਤ ਸੀਚੇਵਾਲ ਨੇ ਸਮੂਹ ਸੰਗਤਾਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ ਦਿੰਦਿਆਂ ਹਰੀ ਦੀਵਾਲੀ ਮਨਾਉਣ ਦਾ ਸੱਦਾ ਦਿੱਤਾ। ਉਹਨਾਂ ਦੱਸਿਆ ਕਿ ਜਲਦੀ ਹੀ ਹੋਰ 50 ਟੈਂਕੀਆਂ ਵੀ ਪਿੰਡਾਂ ਨੂੰ ਦਿੱਤੀਆਂ ਜਾਣਗੀਆਂ, ਜਿਸ ਵਿੱਚ ਦਲਿਤ ਭਾਈਚਾਰੇ ਅਤੇ ਹੜ੍ਹ ਪ੍ਰਭਾਵਿਤ ਪਿੰਡਾਂ ਨੂੰ ਤਰਜ਼ੀਹ ਦਿੱਤੀ ਜਾਵੇਗੀ। ਇਸ ਮੌਕੇ ਸੁਰਜੀਤ ਸਿੰਘ ਸ਼ੰਟੀ, ਵਾਈਸ ਚੇਅਰਮੈਨ ਹਰਜਿੰਦਰ ਸਿੰਘ, ਪੰਚਾਇਤ ਸੈਕਟਰੀ ਜਸਵਿੰਦਰ ਸਿੰਘ ਤੇ ਇਲਾਕੇ ਦੇ ਕਈ ਪਿੰਡਾਂ ਦੇ ਪੰਚ-ਸਰਪੰਚ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।



ਪ੍ਰੋ. ਕਰਤਾਰ ਸਿੰਘ ਸਚਦੇਵਾ, ਅਮਨ ਮਲਹੋਤਰਾ, ਪ੍ਰਿੰਸੀਪਲ ਹਰਪ੍ਰੀਤ ਸਿੰਘ ਸੋਂਧੀ, ਰਜਿੰਦਰ ਕੌਰ ਮਾਨ, ਲਖਵੀਰ ਸਿੰਘ ਲੱਖੀ ਗਿੱਲ, (ਹੇਠਾਂ) ਜਸਵਿੰਦਰ ਕੌਰ ਸਚਦੇਵਾ, ਸਿਮਰਤੀ, ਮਾ. ਤੇਜਿੰਦਰ ਅਰੋੜਾ, ਮਾ. ਵਿਜੇ ਕੁਮਾਰ ਵਿੱਗ ਤੇ ਪਰਮਜੀਤ ਸਿੰਘ ਪੰਮਾ।

# ਖ਼ੁਸ਼ੀਆਂ ਤੇ ਰੌਸ਼ਨੀਆਂ ਦਾ ਤਿਉਹਾਰ ਦੀਵਾਲੀ ਹੋਵੇ 'ਪ੍ਰਦੂਸ਼ਣ ਮੁਕਤ'

ਸ਼ਾਹਕੋਟ, 19 ਅਕਤੂਬਰ (ਸੁਖਦੀਪ ਸਿੰਘ)-ਵਾਤਾਵਰਨ 'ਚ ਵੱਧ ਰਹੇ ਪ੍ਰਦੂਸ਼ਣ ਪ੍ਰਤੀ ਚਿੰਤਾ ਜ਼ਾਹਿਰ ਕਰਦਿਆਂ ਵਾਤਾਵਰਨ ਪ੍ਰੇਮੀਆਂ ਵਿਚ ਪ੍ਰੋ. ਕਰਤਾਰ ਸਿੰਘ ਸਚਦੇਵਾ (ਨੈਸ਼ਨਲ ਐਵਾਰਡੀ), 'ਆਓ ਰਲ ਇੱਕ ਕੋਸ਼ਿਸ਼ ਕਰੀਏ' ਸੰਸਥਾ ਦੇ ਸਰਪ੍ਰਸਤ ਅਮਨ ਮਲਹੋਤਰਾ, ਪ੍ਰਿੰਸੀਪਲ ਹਰਪ੍ਰੀਤ ਸਿੰਘ ਸੋਂਧੀ, ਗਿੱਲ ਵੈਲਫੇਅਰ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਰਜਿੰਦਰ ਕੌਰ ਮਾਨ, ਖਜ਼ਾਨਚੀ ਲਖਵੀਰ ਸਿੰਘ ਲੱਖੀ ਗਿੱਲ, ਨਰਸਿੰਗ ਸਿਸਟਰ ਜਸਵਿੰਦਰ ਕੌਰ ਸਚਦੇਵਾ, ਲੈਕਚਰਾਰ ਸਿਮਰਤੀ, ਸਮਾਜ ਸੇਵਕ ਮਾ. ਤੇਜਿੰਦਰ ਅਰੋੜਾ, ਮਾਸਟਰ ਵਿਜੇ ਕੁਮਾਰ ਵਿੱਗ ਅਤੇ ਕਬੱਡੀ ਕੋਚ ਪਰਮਜੀਤ ਸਿੰਘ ਪੰਮਾ ਨਿਮਾਜੀਪੁਰ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਦੀਵਾਲੀ ਦੇ ਤਿਉਹਾਰ ਮੌਕੇ ਧਮਾਕੇਦਾਰ ਜਾਂ ਪ੍ਰਦੂਸ਼ਣ ਕਰਨ ਵਾਲੇ ਪਟਾਕਿਆਂ ਤੋਂ ਗੁਰੇਜ਼ ਕੀਤਾ ਜਾਵੇ ਤਾਂ ਕਿ ਖੁਸ਼ੀਆਂ ਤੇ ਰੌਸ਼ਨੀਆਂ ਦੇ ਤਿਉਹਾਰ ਨੂੰ ਸੋਹਣੇ ਤਰੀਕੇ ਨਾਲ ਮਨਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪਟਾਕਿਆਂ ਨਾਲ ਜਿੱਥੇ ਵਾਤਾਵਰਨ ਦੂਸ਼ਿਤ ਹੁੰਦਾ ਹੈ, ਉਥੇ ਹੀ ਕਈ ਜਗ੍ਹਾ ਅੱਗ ਲੱਗਣ ਦੀਆਂ ਘਟਨਾਵਾਂ ਵੀ ਵਾਪਰਦੀਆਂ ਹਨ। ਪ੍ਰਦੂਸ਼ਣ ਅਤੇ ਧਮਾਕੇ ਕਾਰਨ ਬਿਮਾਰ ਵਿਅਕਤੀਆਂ ਅਤੇ ਪਸ਼ੂ-ਪੰਛੀਆਂ ਨੂੰ ਵੀ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਲਈ ਪ੍ਰੇਰਿਤ ਕਰਨ ਤਾਂ ਜੋ ਉਨ੍ਹਾਂ ਦੇ ਪੈਸੇ ਦੀ ਵੀ ਬਰਬਾਦੀ ਨਾ ਹੋਵੇ ਅਤੇ ਵਾਤਾਵਰਨ ਵੀ ਸੁਰੱਖਿਅਤ ਰਹਿ ਸਕੇ।

### ਅਣਪਛਾਤੇ ਵਿਅਕਤੀ ਦੀ ਮ੍ਰਿਤਕ ਦੇਹ ਨਕੋਦਰ ਮੋਰਚਰੀ 'ਚ ਰਖਵਾਈ

ਲੋਹੀਆਂ ਖਾਸ, 19 ਅਕਤੂਬਰ (ਗੁਰਪਾਲ ਸਿੰਘ ਸ਼ਤਾਬਗੜ੍ਹ)-ਪਿੰਡ ਮੂਲੇਵਾਲ ਅਰਾਈਆਂ ਨੇੜੇ ਰੇਲਵੇ ਲਾਈਨ ਵਿਖੇ ਇੱਕ ਵਿਅਕਤੀ ਜਿਸ ਦੀ ਉਮਰ 50, 55 ਸਾਲ ਜਿਸ ਦੀ ਪਹਿਚਾਣ ਨਹੀਂ ਹੋ ਸਕੀ, ਦੀ ਮ੍ਰਿਤਕ ਦੇਹ ਸਿਵਲ ਹਸਪਤਾਲ ਨਕੋਦਰ ਮੋਰਚਰੀ ਵਿੱਚ ਰਖਵਾਈ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੇਲਵੇ ਪੁਲਿਸ ਚੌਂਕੀ ਦੇ ਇੰਚਾਰਜ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਰੇਲਵੇ ਕਿੱਲੋਮੀਟਰ ਨੰਬਰ 51/3-4 ਪਿੰਡ ਮੂਲੇਵਾਲ ਅਰਾਈਆਂ ਤੋਂ ਇੱਕ ਵਿਅਕਤੀ ਮ੍ਰਿਤਕ ਹਾਲਤ ਵਿੱਚ ਪਾਇਆ ਗਿਆ ਸੀ, ਜਿਸ ਦੀ ਪਹਿਚਾਣ ਨਹੀਂ ਹੋ ਸਕੀ, ਇਸ ਲਈ ਉਸਦੀ ਮ੍ਰਿਤਕ ਦੇਹ ਨੂੰ 72 ਘੰਟੇ ਲਈ ਜਮਾਂ ਕਰਵਾ ਦਿੱਤਾ ਗਿਆ ਹੈ ਅਤੇ ਇਸ ਦੀ ਪਹਿਚਾਣ ਲਈ ਚੌਂਕੀ ਰੇਲਵੇ ਪੁਲਿਸ ਲੋਹੀਆਂ ਖਾਸ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

# ਖ਼ੁਸ਼ੀਆਂ ਗਮੀ 'ਚ ਬਦਲੀਆਂ ਭਤੀਜੇ ਦਾ ਵਿਆਹ ਦੇਖਣ ਯੂ.ਐੱਸ.ਏ ਤੋਂ ਆਏ ਸੂਬੇਦਾਰ ਭਾਗ ਸਿੰਘ ਦਾ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ

## ਅੰਤਿਮ ਸੰਸਕਾਰ ਮੌਕੇ ਫੌਜ ਦੇ ਜਵਾਨਾਂ ਵਲੋਂ ਦਿੱਤੀ ਗਈ ਸਲਾਮੀ



ਸ਼ਾਹਕੋਟ, 19 ਅਕਤੂਬਰ (ਦਲਜੀਤ ਸਿੰਘ ਸਚਦੇਵਾ)-ਪਿੰਡ ਕੋਟਲਾ ਸੂਰਜ ਮੱਲ੍ਹ (ਸ਼ਾਹਕੋਟ) ਤੋਂ ਸੂਬੇਦਾਰ ਭਾਗ ਸਿੰਘ ਖੋਸਾ ਦਾ ਬੀਤੇ ਦਿਨੀਂ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ। ਇਹ ਆਪਣੇ ਭਤੀਜੇ ਦਾ ਵਿਆਹ ਦੇਖਣ ਯੂ.ਐੱਸ.ਏ ਤੋਂ ਆਏ ਸਨ। ਵਿਆਹ ਤੋਂ ਇਕ ਦਿਨ ਪਹਿਲਾਂ ਹੀ ਦਿਹਾਂਤ ਹੋਣ ਕਾਰਨ ਖ਼ੁਸ਼ੀਆਂ ਗਮੀ ਵਿਚ ਬਦਲ ਗਈਆਂ। ਇਨ੍ਹਾਂ ਦਾ ਅੰਤਿਮ ਸੰਸਕਾਰ ਪਿੰਡ ਦੇ ਸ਼ਮਸ਼ਾਨਘਾਟ ਵਿਖੇ ਗਮਗੀਨ ਮਾਹੌਲ ਵਿਚ ਕੀਤਾ ਗਿਆ। ਇਸ ਮੌਕੇ ਫੌਜ ਦੇ ਜਵਾਨਾਂ ਵਲੋਂ ਸਲਾਮੀ ਦਿੱਤੀ ਗਈ। ਇਸ ਮੌਕੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ, ਸਵੈ-ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਤੇ ਵੱਡੀ ਗਿਣਤੀ ਵਿਚ ਇਲਾਕੇ ਦੇ ਲੋਕਾਂ ਨੇ ਪੁੱਤਰ ਤੀਰਥ ਸਿੰਘ ਖੋਸਾ ਕੋਟਲਾ, ਭਰਾ ਕੈਪਟਨ ਬਲਕਾਰ ਸਿੰਘ, ਸੂਬੇਦਾਰ ਜਗਤਾਰ ਸਿੰਘ ਯੂ.ਐੱਸ.ਏ ਤੇ ਸੂਬੇਦਾਰ ਲਾਲ ਸਿੰਘ ਦਾ ਦੁੱਖ ਸਾਂਝਾ ਕੀਤਾ। ਇਸ ਮੌਕੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਸੁਰਿੰਦਰਜੀਤ ਸਿੰਘ ਚੱਠਾ ਬਲਾਕ ਪ੍ਰਧਾਨ ਕਾਂਗਰਸ, ਨੰਬਰਦਾਰ ਨਛੱਤਰ ਸਿੰਘ ਸੱਤੀ ਪਹਿਲਵਾਨ, ਜਗਤਾਰ ਸਿੰਘ ਤਾਰੀ ਪ੍ਰਧਾਨ ਕੋਆਪ੍ਰੇਟਿਵ ਸੁਸਾਇਟੀ ਢੰਡੋਵਾਲ, ਬਾਬਾ ਜਸਵੰਤ ਸਿੰਘ ਕੋਟਲਾ, ਕੁਲਦੀਪ ਸਿੰਘ ਕੋਹਾੜ ਸਰਪੰਚ ਕੋਹਾੜ ਕਲਾਂ, ਲਖਵੀਰ ਸਿੰਘ ਪੂਨੀਆਂ, ਸੁਖਦੇਵ ਰਾਜ ਗਿੱਲ ਸਾਬਕਾ ਸਰਪੰਚ, ਮਨਜੀਤ ਸਿੰਘ ਸੱਤਾ ਟਰਾਂਸਪੋਰਟਰ, ਰਵਿੰਦਰ ਸਿੰਘ ਸਰਪੰਚ, ਗੁਰਨਾਮ ਸਿੰਘ ਸਾਬਕਾ ਸਰਪੰਚ, ਪਰਵਿੰਦਰ ਸਿੰਘ ਨੰਬਰਦਾਰ, ਸੂਬੇਦਾਰ ਸੁਰਿੰਦਰਜੀਤ ਸਿੰਘ ਖੋਸਾ, ਹਰਜਿੰਦਰ ਸਿੰਘ ਖੋਸਾ ਕੈਨੇਡਾ, ਗੁਰਿਦਆਲ ਸਿੰਘ ਖੋਸਾ ਕੈਨੇਡਾ, ਦਰਸ਼ਨ ਸਿੰਘ ਖੋਸਾ, ਮਨਮੋਹਨ ਸਿੰਘ ਖੋਸਾ, ਹਰਦੀਪ ਸਿੰਘ ਖੋਸਾ ਯੂ.ਐੱਸ.ਏ, ਸਤਕਰਨ ਸਿੰਘ ਖੋਸਾ, ਰਮਨਦੀਪ ਸਿੰਘ ਖੋਸਾ, ਲਵ ਖੋਸਾ, ਗੁਰਤੇਜ ਸਿੰਘ, ਗੁਰਜੰਟ ਸਿੰਘ 'ਤੇ ਹੋਰਨਾਂ ਨੇ ਖੋਸਾ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਹੈ।

**ਵਿਧਾਇਕ ਸ਼ੇਰੋਵਾਲੀਆ ਸਮੇਤ ਵੱਡੀ ਗਿਣਤੀ 'ਚ ਲੋਕਾਂ ਨੇ ਕੀਤਾ ਦੁੱਖ ਪ੍ਰਗਟ**

# ਦਿਵਿਆ ਜਯੋਤੀ ਸਕੂਲ ਸ਼ਾਹਕੋਟ 'ਚ ਮਨਾਇਆ ਦੀਵਾਲੀ ਦਾ ਤਿਉਹਾਰ

ਸ਼ਾਹਕੋਟ, 19 ਅਕਤੂਬਰ (ਦਲਜੀਤ ਸਿੰਘ ਸਚਦੇਵਾ)-ਦਿਵਿਆ ਜਯੋਤੀ ਪਬਲਿਕ ਹਾਈ ਸਕੂਲ ਸ਼ਾਹਕੋਟ ਵਿਚ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਬੱਚਿਆਂ ਵਿਚਾਲੇ ਰੰਗੋਲੀ ਮੇਕਿੰਗ, ਦੀਵਾ ਪੇਂਟਿੰਗ, ਪੋਸਟਰ ਮੇਕਿੰਗ ਤੇ ਸੇਫ ਦੀਵਾਲੀ ਗਰੀਟਿੰਗ ਕਾਰਡ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਪਿਲ ਬਾਂਸਲ ਨੇ ਸਕੂਲ ਸਟਾਫ਼ ਤੇ ਬੱਚਿਆਂ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦੇ ਨਾਲ-ਨਾਲ ਸਵੱਛ ਤੇ ਸੇਫ਼ ਦੀਵਾਲੀ ਮਨਾਉਣ ਲਈ ਪ੍ਰੇਰਿਆ। ਸਕੂਲ ਕੋਆਰਡੀਨੇਟਰ ਮੈਡਮ ਮਾਨਸੀ ਬਾਂਸਲ ਤੇ ਸਕੂਲ ਪ੍ਰਿੰਸੀਪਲ ਡਿੰਪਲ ਗੁਪਤਾ ਨੇ ਸਟਾਫ਼ ਤੇ ਬੱਚਿਆਂ ਨੂੰ ਦੀਵਾਲੀ ਦੀਆਂ ਸ਼ੁਭਕਾਮਾਨਾਵਾਂ ਦਿੱਤੀਆਂ ਤੇ ਪਟਾਕੇ ਨਾ ਚਲਾ ਕੇ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਤੇ ਆਪਸੀ ਭਾਈਚਾਰਕ ਸਾਂਝ ਬਣਾ ਕੇ ਰੱਖਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਮਾਸਟਰ ਪ੍ਰਭਜੀਤ ਸਿੰਘ, ਮੈਡਮ ਸਿਮੀ, ਸ਼ਰਨਜੀਤ ਕੌਰ, ਮਨਿਜੰਦਰ ਕੌਰ ਆਦਿ ਹਾਜ਼ਰ ਸਨ।

**ਰੰਗੋਲੀ ਮੇਕਿੰਗ, ਦੀਵਾ ਪੇਂਟਿੰਗ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ**